# ‘ਸੰਤ’ ਸੱਚ ਦਾ ਤੀਰ ਚੁਭੋ ਗਿਆ

ਕਰੁਣ-ਸੁਰਾਂ ਵਿਚ ਡੁੱਬ ਕੇ ਆਏ
ਤੇਰੇ ਦਰਦ-ਪਰੁੱਤੇ ਬੋਲ
ਬੁਲਬਲੇ!
ਹੌਲੀ ਹੌਲੀ ਬੋਲ।

ਸੱਚ-ਭੂਰ ਵਿਚ ਭਿੱਜੀ ਥਾਂ ‘ਤੇ
ਨਾਮ ਰੰਗ ਰੰਗ-ਰੱਤੜੀ ਥਾਂ ‘ਤੇ
ਸੰਗੀਤ-ਸੁਰਾਂ ਰਸ-ਰਸੜੀ ਥਾਂ ‘ਤੇ
ਸ਼ਾਂਤ ਕਣਾਂ ਤ੍ਰਿਪਤਾਈ ਥਾਂ ‘ਤੇ
ਕੌਣ ਅੱਗ ਦੇ ਵੇਸਾਂ ਵਾਲਾ
ਅਗਨ-ਰੱਥ ‘ਤੇ ਬੈਠਾ ਆਇਆ
ਅਗਨ ਬਾਣਾਂ ਦੀ ਵਰਖਾ ਪਿੱਛੋਂ
ਅੱਗ ਦੇ ਬੋਲ ਗਿਆ ਹੈ ਬੋਲ।
ਬੁਲਬੁਲੇ!
ਦਿਲ-ਧੂਣੀ ਨਾ ਫ੍ਰੋਲ।

ਅੰਮ੍ਰਿਤ ਵਰਖਾ ਵਿਚ ਨਹਾਤੇ
ਸੱਚੇ ਨਾਮ ‘ਚ ਮਾਂਜੇ ਧੋਤੇ
ਸ਼ੁਭ ਕਰਮਾਂ ਦੇ ਮਾਨ-ਸਰਾਂ ‘ਚੋਂ
ਹੰਸਾਂ ਵਾਲਾ ਚੋਗ ਚੁਗੇਂਦੇ
ਅਕਾਲ ਤਖਤ ਦੇ ਵੇਹੜੇ ਦੇ ਵਿਚ
ਸੱਚ ਦੀਆਂ ਫੁਲ-ਝੜੀਆਂ ਬਣ ਕੇ
ਚਾਨਣ ਗਏ ਨੇ ਡੋਲ੍ਹ ।
ਬੁਲਬੁਲੇ!
ਆ ਰਲ ਗਾਈਏ ਸੱਚ ਦੇ ਬੋਲ।

ਲਹੂ ਮਾਸ ਦੀ ਮਿੱਝ ਦੇ ਵਿਚੋਂ
ਨੂਰ ਗੋਹੜਿਆਂ ਵਿਚ ਲਪੇਟੇ
ਲਿਸ਼ ਲਿਸ਼ ਕਰਕੇ ਉਡਣ ਲੱਗੇ
ਸੋਹਜ ਸੁਖਾਵੀਂ ਮਾਰ ਉਡਾਰੀ
ਅੰਬਰ ਦੇ ਖੁਲ੍ਹੇ ਵੇਹੜੇ ਵਿਚ
ਰੌਣਕ ਮੇਲੇ ਲਾਉਣ ਲਗੇ
ਹੰਸੁਲੇ ਦੁਰਲਭ ਤੇ ਅਨਮੋਲ।
ਹੰਸ-ਚੋਗ ਚੁਗ ਅਸੀਂ ਵੀ ਚਲੀਏ
ਸੱਚੇ ਸੋਹਣੇ ਸਾਈਂ ਕੋਲ।
ਬੁਲਬੁਲੇ!
ਹੰਸ ਦਾ ਚੋਗ ਟਟੋਲ।

ਗਗਨ ਮੰਡਲ ਦੇ ਸਾਰੇ ਤਾਰੇ
ਬਾਹਾਂ ਪਸਾਰੀ ਦੌੜੇ ਆਏ
ਆਪਣੇ ਵਰਗਿਆਂ ਦੇ ਗਲੇ ਲੱਗ
ਗਦ ਗਦ ਹੋ ਲਰਜ਼ੇ ਮੁਸਕਾਏ
ਆਪਣੀ ਮਿੱਠੀ ਬੋਲੀ ਦੇ ਵਿਚ
ਹੇਕ ਲਾ ਜੀ ਆਇਆਂ ਗਾਉਂਦੇ
ਸੋਹਣੀ ਸੱਜਦੀ ਥਾਂ ਬਿਠਾਉਂਦੇ
ਨਵੇਂ ਸਾਥੀਆਂ ਦੇ ਸੰਗ ਰਲ ਕੇ
ਸੱਚ-ਚਾਨਣ ਦਾ ਨੂਰ ਵਰ੍ਹਾਉਂਦੇ
ਧੰਨ ਭਾਗ ਜੋ ਜਾ ਪਹੁੰਚੇ ਅੱਜ
ਪੂਰਨ ਪਰਮ ਅਨੰਦ ਦੇ ਕੋਲ।
ਬੁਲਬੁਲੇ!
ਬੋਲ ਸ਼ਗਨਾਂ ਦੇ ਬੋਲ।

ਅੱਜ ਤਾਰਿਆਂ ਦੀ ਗਿਣਤੀ ਵਿਚ
ਦੂਣ ਸਵਾਇਆ ਵਾਧਾ ਹੋ ਗਿਆ
ਅੰਧ-ਕਾਰ ਦੇ ਸੀਨੇ ਦੇ ਵਿਚ
'ਸੰਤ' ਸੱਚ ਦਾ ਤੀਰ ਚੁਭੋ ਗਿਆ
ਸਹੀਏ ਨੀ!

ਚਲ ਅਸੀਂ ਵੀ ਚਲੀਏ
ਯੋਧਿਆਂ ਸੂਰਿਆਂ ਆਪਣਿਆਂ ਕੋਲ।
ਬੁਲਬਲੇ!
ਬੋਲ ਮਿਲਣ ਦੇ ਬੋਲ।

# ਅਕਾਲ ਤਖਤ

ਕੀ ਦਾ ਕੀ ਹੋ ਗਿਆ!
ਢੇਰੀ ਹੋਏ ਅਕਾਲ ਤਖਤ ਨੂੰ ਦੇਖ
ਸੰਗਤਾਂ ਦੇ ਦਿਲ ਢੇਰੀ ਹੁੰਦੇ
ਬੁੱਲ੍ਹ ਸੀਤੇ ਜਾਂਦੇ-
ਨੈਣੋਂ ਖ਼ੂਨ ਦੇ ਅੱਥਰੂ ਕਿਰਦੇ
ਪਰ ਕਿੰਨੀ ਬੇਬਸੀ?
ਕਿ ਸ਼ਰਧਾਲੂ ਆਪਣੇ ਢੱਠੇ ਘਰ ਦੀ ਮਿੱਟੀ ਚੁੱਕ
ਮੱਥੇ ਉਤੇ ਲਾਉਣ ਲਈ -
ਦੂਰ ਖੜੇ ਤਰਸਦੇ
ਵਿਲਕਦੇ-
ਹੰਝੂਆਂ ਦੀ ਬੋਲੀ ਵਿਚ
ਖ਼ੂੰਨੀ ਹਨੇਰੀ ਦੀਆਂ ਬਾਤਾਂ ਪਾਉਂਦੇ।

ਫਰੋਲ ਨੀ ਜਿੰਦੜੀਏ....ਫਰੋਲ
ਤੂੰ ਫਰੋਲ ਇਨ੍ਹਾਂ ਮਲਬੇ ਦੇ ਢੇਰਾਂ ਨੂੰ
ਤੇ ਲੱਭ ਲੈ ਨੀ_
ਆਪਣੇ ਗੁਰੂਆਂ ਦੇ ਹੱਥੀਂ ਵਰਤੇ ਹਥਿਆਰ।
ਹਥਿਆਰ_
ਜ੍ਹਿਨਾਂ ਨਾਲ ਉਨ੍ਹਾਂ ਨੇ ਹਿੰਦੂ ਧਰਮ ਦੀ ਰਖਿਆ ਕੀਤੀ
ਹਥਿਆਰ_
ਜਿਨ੍ਹਾਂ ਨਾਲ ਉਨ੍ਹਾਂ ਹਿੰਦੂ ਬਹੂ ਬੇਟੀਆਂ ਦੀ ਲਾਜ ਬਚਾਈ
ਹਥਿਆਰ_

ਜਿਨ੍ਹਾਂ ਨਾਲ ਉਨ੍ਹਾਂ ਤਾਕਤ ਦੇ ਨਸ਼ੇ ਵਿਚ ਅੰਨ੍ਹੇ ਹੋਏ
ਦੁਸ਼ਟਾਂ ਦਾ ਦਮਨ ਕੀਤਾ।

ਉਹੀ ਹਥਿਆਰ_
ਅਜ ਗੋਲਿਆਂ ਦੀ ਬਰਸਾਤ ਨਾਲ
ਮਲਬੇ ਦਾ ਢੇਰਾਂ ਵਿਚ ਦੱਬੇ ਪਏ ਹਨ।

ਜਿੰਦੇ ਮੇਰੀਏ!
ਤੂੰ ਲੱਭ ਲੈ ਨੀ!
ਪਛਾਣ ਲੈ ਨੀ!
ਆਪਣੀਆਂ ਦਰਸ ਪਿਆਸੀਆਂ ਅਖੀਆਂ ਨਾਲ-
ਚੁੰਮ ਅਖੀਆਂ ਨੂੰ ਲਾ ਲੈ ਨੀ!
ਉਨ੍ਹਾਂ ਹਥਿਆਰਾਂ ਦੇ ਟੁਕੜਿਆਂ ਨੂੰ।

ਹਾਏ! ਨੀ ਕਿਸਮਤ ਦੀਏ ਮਾਰੀਏ!
ਤੈਨੂੰ ਤਾਂ ਇਸ ਮਲਬੇ ਨੂੰ
ਹੱਥ ਲਾਉਣ ਦਾ ਵੀ ਹੁਕਮ ਨਹੀਂ।

ਜਿੰਦੜੀਏ!
ਤੂੰ ਤੇ ਸੰਗਤਾਂ ਸੰਗ ਨਾਮ ਜਪੇਂਦੀ ਨੇ
ਇਸ ਮਲਬੇ ਦੀ ਮਿੱਟੀ ਨੂੰ
ਹੰਝੂਆਂ ਨਾਲ ਭਿਓਂ ਕੇ
ਸ਼ਰਧਾ ਵਿਚ ਗੁੰਨ੍ਹ ਕੇ
ਕਾਰ ਸੇਵਾ ਕਰਨੀ ਸੀ
ਸੱਚੇ ਗੁਰੂਆਂ ਦੀ ਯਾਦ ਵਿਚ
ਤੇਰੀਆਂ ਦਿਲ-ਤਰਬਾਂ ਦੀ ਟੁਣਕਾਰ 'ਚੋਂ
ਕਰੁਣ-ਸੁਰਾਂ ਦੇ ਗੀਤ ਅਲਾਪ ਹੋਣੇ ਸੀ

ਪਰ_
ਕਹਿਰ ਨੀ ਜਿੰਦੜੀਏ!
ਅੱਜ ਇਨ੍ਹਾਂ ਸੁੱਚੇ ਰੋੜਾਂ ਵਿਚ ਪਏ

ਮਲਬੇ ਦੇ ਢੇਰਾਂ ਵਿਚ ਪਏ
ਅਣਲੱਭ ਅਤੇ ਅਨਮੋਲ ਖਜਾਨੇ ਨੂੰ
ਕੋਈ ਚੁੱਕਦਾ ਹੈ ਕੂੜੇ ਕਰਕਟ ਦੀ ਤਰ੍ਹਾਂ।

## ਵਾੜ

ਵਾੜ ਨੂੰ ਹੁਕਮ ਹੋਇਆ
ਕਿ ਉਹ ਖੇਤ ਨੂੰ ਖਾ ਜਾਵੇ।
ਪੁੱਤਰ ਮੇਰਾ _
ਖੇਤ ਦੀ ਰੱਖਿਆ ਕਰਦਾ ਹੋਇਆ
ਵਾੜ ਵਿਚੋਂ ਹੈ ਬਾਗੀ ਹੋਇਆ।

ਪਤੀ ਮੇਰਾ_
ਖੇਤ ਦੀ ਰੱਖਿਆ ਕਰਦਾ ਹੋਇਆ
ਦੇਸ਼ ਦੀਆਂ ਸਰਹੱਦਾਂ ਉਤੇ
ਵਾੜ ਬਣ_
ਸ਼ਹੀਦ ਸੀ ਹੋਇਆ ।

ਰੱਬਾ ਮੇਰਿਆ! ਸ਼ੁਕਰ ਏ ਤੇਰਾ
ਲਾਲ ਮੇਰੇ ਨੇ-
ਕੁੱਖ ਮੇਰੀ ਦਾ ਮਾਣ ਵਧਾਇਆ
ਬਾਪ ਆਪਣੇ ਦੀ ਪਗੜੀ ਨੂੰ
ਦਾਗ ਲੱਗਣ ਤੋਂ ਬਚਾਇਆ
ਜਿੰਦੜੀ ਜੋਖਾਂ ਦੇ ਵਿਚ ਪਾਉਣੋਂ
ਲਾਲ ਮੇਰਾ ਨਹੀਂ ਘਬਰਾਇਆ।

ਹੁਕਮ ਅਦੂਲੀ ਦੀ ਸਜ਼ਾ ਨੇ
ਉਸਨੂੰ ਘਰ ਤੋਂ ਦੂਰ ਹੈ ਭਗਾਇਆ।

ਧਰਮੀ ਫੌਜੀ ਬਣ ਕੇ ਜਿਸਨੇ
ਰੱਬ ਦੇ ਘਰ ਵਿਚ ਨਾਮ ਕਮਾਇਆ।

ਪਤਾ ਨਹੀਂ ਅਜ ਕਿੱਥੇ ਹੈ ਉਹ
ਸੂਲ਼ਾਂ ਕੰਡਿਆਂ ਦੇ ਰਾਹ ਗੱਛਦਾ।
ਦੁਧ ਮੱਖਣਾਂ ਦੇ ਨਾਲ ਪਾਲਿਆ
ਪਤਾ ਨਹੀਂ ਕਿਵੇਂ ਭੁੱਖਾਂ ਝੱਲਦਾ।

ਇਕ ਪਲ ਲਈ ਵੀ ਮੈਨੂੰ
ਉਸਦਾ ਧਿਆਨ ਨਹੀਂ ਭੁੱਲਦਾ।
ਸੋਹਣੇ ਚੰਨ ਦਾ ਮੂੰਹ ਤੱਕਣ ਬਿਨ
ਨੈਣਾਂ ਨੂੰ ਹੋਰ ਕੁਝ ਨਹੀਂ ਸੁੱਝਦਾ।

ਆਸ ਨਿਰਾਸਾ ਵਿਚ ਗੁਆਚੀ
ਨੂੰਹ ਰਾਣੀ ਨੂੰ ਦੇਖ ਰੋਂਦਿਆਂ
ਮਮਤਾ ਦਾ ਦਿਲ ਰੁਗ ਭਰ ਆਉਂਦਾ।
ਪਤਾ ਨਹੀਂ ਉਹ ਹੈ ਵੀ, ਕਿ ਨਹੀਂ
ਜਿਸਨੇ ਆਪਣੇ ਲਾਲ ਦਾ ਹਾਲੇ
ਮੂੰਹ ਨਹੀਂ ਤੱਕਿਆ।

ਫਿਰ ਵੀ ਮੇਰਾ ਹਰ ਇਕ ਅੱਥਰੂ
ਤੇਰਾ ਸ਼ੁਕਰ ਗੁਜਾਰ ਵੇ ਸਾਂਈਆਂ
ਕਿ ਉਹ ਝੂਠ ਦੇ ਸਾਹਵੇਂ ਅੜਿਆ।

## ਅਜਾਇਬ ਘਰ

ਅਣਲੱਭ ਤੇ ਅਨਮੋਲ ਖਜਾਨੇ ਦੀਆਂ ਲਿਖਤਾਂ ਅੱਗੇ
ਸਿਰ ਆਪੇ ਝੁਕ ਜਾਂਦੇ–
ਜਦੋਂ ਉਨ੍ਹਾਂ ਦੇ ਪੰਨਿਆਂ ਉਤੋਂ

ਗੁਰੂਆਂ ਭਗਤਾਂ ਤੇ ਫਕੀਰਾਂ ਦੇ ਦਰਸ਼ਨ ਹੁੰਦੇ।

ਉਹ ਲਿਖਤਾਂ ਸਾਨੂੰ ਜੀਵਨ ਜਾਚ ਸਿਖਾਉਂਦੀਆਂ।
ਸਚਾਈ ਦੇ ਨੇੜੇ ਲੈ ਜਾਂਦੀਆਂ
ਬੁਰਾਈ ਤੋਂ ਦੂਰ ਨਸ੍ਹਾਉਂਦੀਆਂ।
ਕਦੀ ਬਿਰਹਾ ਦੀ ਰੰਗਣ ਚਾੜ੍ਹ
ਕ੍ਰਰਣਾ ਵਿਚ ਡੁਬੋਂਦੀਆਂ।
ਨੈਣੋਂ ਹੰਝੂਆਂ ਦੀਆਂ ਧਾਰਾਂ ਵਹਾ
ਮਨ-ਅੰਦਰ ਦੀ ਮੈਲ ਧੋਂਦੀਆਂ।
ਫੁਲ ਵਾਂਗੂੰ ਹੌਲਾ ਕਰ ਦਿੰਦੀਅ
ਤਾਜ਼ਾ ਕਰ ਦਿੰਦੀਆਂ।
ਕਦੀ ਸੱਚ ਦੀ ਗੰਢ ਫਰੋਲ
ਚੰਗੇ ਮਾੜੇ ਦੀ ਪਛਾਣ ਕਰਵਾਉਂਦੀਆਂ।

ਉਨ੍ਹਾਂ ਲਿਖਤਾਂ ਰਾਹੀਂ-
ਗੁਰੂ ਭਗਤ ਤੇ ਫਕੀਰ ਸਾਰੇ
ਆ ਕੇ ਸਾਡੀਆਂ ਬਾਹਾਂ ਫੜਦੇ।
ਮਹਾਂ ਅਨੰਦ ਦੇ ਸਾਗਰਾਂ ਵਿਚ-
ਤਰਨ ਦੀ ਜਾਚ ਸਿਖਾਉਂਦੇ।

ਉਹ ਲਿਖਤਾਂ ਮਹਾਨ-
ਉਨ੍ਹਾਂ ਨੂੰ ਲਿਖਣ ਵਾਲੇ ਮਹਾਨ।
ਪਰ ਉਹ ਕੌਣ ਸਨ?
ਜਿਹੜੇ ਚੰਗੀ ਤਰ੍ਹਾਂ ਜਾਣਦੇ ਸਨ
ਕਿ ਇਸ ਕਮਰੇ ਵਿਚ ਪਿਆ ਹੈ
ਅਣਲੱਭ ਵਸਤਾਂ ਦਾ ਅਣਮੋਲ ਖਜਾਨਾਂ।
ਫਿਰ ਵੀ ਉਨ੍ਹਾਂ ਹੁਕਮ ਦਿਤਾ
ਕਿ ਜਰੂਰੀ ਹੈ ਇਸਨੂ ਸਾੜਨਾ।

ਹਾਏ !ਲੇਖ ਸਾਡੇ ਕਿੱਦਾਂ ਸੜੇ-

ਜਲ ਕੇ ਰਾਖ ਹੋਈਆਂ ਗੁਰੂਆਂ ਦੀਆਂ ਹੱਥ-ਲਿਖਤਾਂ
ਅਤੇ ਅਜਾਇਬ ਘਰ ਦੀਆਂ ਅਣਲੱਭ ਵਸਤਾਂ ਦੀ ਭੱਸਮ ਵੀ-
ਸਾਨੂੰ ਮੱਥੇ ਉਤੇ ਲਗਾਉਣੀ ਨਸੀਬੀਂ ਨਾ ਹੋਈ।

ਜਲੀ ਹੋਈ ਇਮਾਰਤ ਦੀਆਂ
ਜਲੀਆਂ ਖਿੜਕੀਆਂ ਥਾਣੀਂ-
ਸੁਆਹ ਹੋਏ ਰੌਸ਼ਨਦਾਨਾਂ ਥਾਣੀ
ਝਾਕ ਝਾਕ-
ਮਨ ਕੁਰਲਾ ਕੁਰਲਾ ਕੇ ਪੁੱਛਦਾ ਰਿਹਾ
ਕਿੱਥੇ ਨੇ ?
ਸਾਡੇ ਮਹਾਂ ਪਰੁਖਾਂ ਦੀਆਂ ਹੱਥ-ਲਿਖਤਾਂ।
ਕਿੱਥੇ ਨੇ?
ਸਾਡੇ ਗੁਰੂਆਂ ਦੀਆਂ ਉਂਗਲੀਆਂ ਦੀ ਛੋਹ ਪ੍ਰਾਪਤ
ਰੱਬੀ ਬਾਣੀ ਅਲਾਪਣ ਵਾਲੇ ਸਾਜ਼।
ਕਿੱਥੇ ਨੇ?
ਮਨ -ਮੁਗਧ ਕਰਨ ਵਾਲੇ ਸੂਰਿਆਂ ਦੇ ਚਿੱਤ੍ਰ-
ਸੂਰਬੀਰ ਬਹਾਦਰਾਂ ਦੀਆਂ ਤਸਵੀਰਾਂ।

ਐਨਾ ਮਹਿੰਗਾ...!
ਐਨਾ ਸੁੱਚਾ...!
ਯਾਦਾਸ਼ਤਾਂ ਦਾ ਅਨਮੋਲ ਤੇ ਦੁਰਲੱਭ ਖਜ਼ਾਨਾ-
ਜੋ ਸਾਂਭ ਸਾਂਭ ਰੱਖਿਆ ਸੀ
ਚਾਵਾਂ ਮਲ੍ਹਾਰਾਂ ਨਾਲ।
ਸਾੜ ਕੇ ਸੁਆਹ ਕਰ ਦਿੱਤਾ-
ਹਾਏ! ਅਸੀਂ ਲੁੱਟੇ ਗਏ।

# ਚੁਰਾਸੀ ਦੀ ਹਨੇਰੀ

ਹਨੇਰੀ ਉਠੀ ਏ
ਕਹਿਰ ਦੀ ਹਨੇਰੀ।
ਤਬਾਹੀ ਮਚਾਉਂਦੀ-ਅੰਨ੍ਹੀ ਹਨੇਰੀ।
ਅਕਾਸ਼ 'ਚ ਉਛਲਦੇ ਮਿੱਟੀ ਘੱਟੇ ਦੇ ਜਵਾਰਭਾਟਿਆਂ'ਚੋਂ
ਡਰ,ਸਹਿਮ,ਹੱਤਕ,ਬੇਪਤੀ ਤੇ ਖ਼ੂਨ ਉਗਾਲਦੀ।
ਕੁਰਸੀ-ਯੁੱਧ ਦੇ ਮੈਦਾਨ ਵਿਚ ਉਠਦੇ ਵਾ-ਵਰੋਲਿਆਂ ਕੋਲੋਂ
ਤਾਂਡਵ ਨਾਚ ਨਚਾਂਵਦੀ।
ਅੱਗ ਦੇ ਭਾਂਬੜਾਂ ਨੂੰ ਬੁੱਲਕ ਵਿਚ ਲੁਕਾਂਵਦੀ
ਇਹ ਲਾਲ ਪੀਲੀ ਕਾਲੀ ਬੋਲੀ ਅੰਨ੍ਹੀ ਹਨੇਰੀ।
ਤੇਜ ਹੋਈ ਜਾਂਵਦੀ।

ਸ਼ੋਖ ਫੁਲਾਂ ਦੇ ਲੱਛਿਆਂ ਨੂੰ
ਸਾਵੇ ਪੱਤਿਆਂ ਦੀਆਂ ਲਸਰਾਂ ਨੂੰ
ਪੁੱਠੇ ਕਰ ਕਰ ਕੇ ਲਟਕਾਉਂਦੀ।
ਆਪਣੀ ਅੱਗ ਦੇ ਅੰਗੀਂ ਲਾਉਂਦੀ
ਘੋਰ ਹਨੇਰੀ ਤੇਜ ਹੋਈ ਜਾਂਦੀ।

ਸੁੱਚੇ ਪੱਤਿਆਂ ਰੇਸ਼ਮੀ ਲਸਰਾਂ ਵਾਲੇ ਟਾਹਣ-
ਇਕ ਦੂਜੇ ਵਲ ਦੇਖ ਦੇਖ ਕੇ ਰੀਝਣ ਵਾਲੇ ਟਾਹਣ-
ਹਨੇਰੀ ਦੇ ਵਿਚ ਅੰਨ੍ਹੇ ਹੋ ਕੇ
ਇਕ ਦੂਜੇ ਵਿਚ ਵੱਜਕੇ ਖਾੜ ਖਾੜ ਕਰਦੇ
ਟੁੱਟਦੇ ਭੱਜਦੇ ਡਿਗਦੇ ਢਹਿੰਦੇ
ਚੂਰ ਚੂਰ ਹੋਈ ਜਾਂਦੇ

ਛੱਪਰਾਂ ਛੰਨਾਂ ਝੁੱਗੀਆਂ ਵਾਲੇ
ਕੁਝ ਲੱਭਦੇ ਫਿਰਦੇ
ਘੁਰਨਿਆਂ ਦਾ ਮੂੰਹ ਬੰਦ ਕਰਨ ਲਈ
ਏਧਰ ਓਧਰ ਹੱਥ ਪੈਰ ਮਾਰਦੇ
ਪੋਰ੍ਹਾ ਪੋਰ੍ਹਾ ਕਰਕੇ ਬਣਾਏ ਘਰਾਂ ਦੀ ਰੱਖਿਆ ਲਈ
ਆਪੋ ਆਪਣੇ ਰੱਬ ਨੂੰ ਪਏ ਵਾਜਾਂ ਮਾਰਦੇ।

ਮਹਿਲਾਂ ਦੇ ਦਰਵਾਜੇ ਖਿੜਕੀਆਂ ਬੰਦ ਕਰਾਕੇ
ਹਨੇਰੀ ਦੇ ਅਸਰਾਂ ਤੋਂ ਆਪਣਾ ਆਪ ਬਚਾ ਕੇ
ਸ਼ਾਹੀ ਲਸ਼ਕਰ ਆਪਣੇ ਅੰਗ ਰਖਿਅਕ ਬਣਾ ਕੇ
ਖਿਲਾੜ੍ਹੀ ਇਸ ਖ਼ੂਨੀ ਹਨੇਰੀ ਦੇ-
ਉਚੇ ਬੁਰਜੀਂ ਸੱਜ ਧੱਜ ਬੈਠੇ।

ਪਾਰਦਰਸ਼ੀ ਸ਼ੀਸ਼ਿਆਂ ਥਾਣੀ
ਤੀਲ੍ਹਾ ਤੀਲ੍ਹਾ ਹੋ ਕੇ ਉਡਦੀਆਂ ਝੁੱਗੀਆਂ ਗਿਣਦੇ।
ਹਨੇਰੀ ਦੇ ਕਾਰਿਆਂ ਨੂੰ ਬੇਧੜਕ ਹੋ ਕੇ ਨਿਹਾਰਦੇ
ਕਾਲੇ ਕੂੜ ਦੀ ਉਮਾਵਸ ਵਿਚ
ਸੱਚ ਦਾ ਚੰਦ ਲੁਕਾਂਵਦੇ।

ਸ਼ੈਤਾਨ ਸੈਨਾਂ ਦੇ ਖਰੂਦੀਏ
ਹਰਲ ਹਰਲ ਕਰਦੇ
ਕਾਲੀਆਂ ਕਰਤੂਤਾਂ ਵਿਚ ਮਗਨ
ਸੱਚ ਦੇ ਪਿੰਡੇ ਲਾਸਾਂ ਪਾਉਂਦੇ।
ਝੂਠ ਨੂੰ ਪਲੋਸਦੇ ਪੁਚਕਾਰਦੇ
ਦੁਲਾਰਦੇ ਚੁੰਮਦੇ ਚੱਟਦੇ
ਅੱਗ ਦੇ ਲਾਂਬੂ ਅੱਧ ਅਸਮਾਨੀ ਪਹੁੰਚਾਉਂਦੇ।

ਕੋਹਾਂ ਤਕ ਜੁਲਮ ਦੇ ਲਿਸ਼ਕਾਰੇ ਪਾਉਂਦੇ
ਦੋਸ਼ਾਂ ਦੀ ਇਹ ਕਾਲਖ ਸਾਰੀ
ਨਿਰਦੋਸ਼ਾਂ ਦੇ ਮੱਥੇ ਮੜ੍ਹਦੇ।

ਆਪੂੰ ਸੁੱਚੇ ਸੱਚੇ ਬਣਦੇ
ਦੇਸ਼ ਮੇਰੇ ਦੇ ਪਹਿਰੇਦਾਰ
ਏਦਾਂ ਆਪਣਾ ਫਰਜ ਨਿਭਾਉਂਦੇ।

ਕੰਮ ਨਿਬੇੜ ਸੱਭ ਮਹਿਲੀਂ ਜਾਂਦੇ
ਬਹਾਦਰੀ ਦੇ ਤਮਗਿਆਂ ਨਾਲ ਸੱਜਦੇ ਸੰਵਰਦੇ
ਖੁਸ਼ੀਆਂ ਵਿਚ ਉਹ ਲੁੱਡੀਆਂ ਪਾਉਂਦੇ।

## ੮੪ ਦੀ ਦੀਵਾਲੀ

ਮੇਰੇ ਫੂਕੇ ਹੋਏ ਘਰ ਦੇ ਵੇਹੜੇ ਵਿਚ
ਸਿਵਿਆਂ ਦਾ ਚਾਨਣ
ਤੇਰੇ ਸਜੇ ਸੰਵਰੇ ਘਰ ਦੇ ਬਨੇਰਿਆਂ 'ਤੇ
ਜਗ ਮਗ ਕਰਦੀ ਦੀ ਦੀਪਮਾਲਾ।

ਦੁਖਦੇ ਦਿਲ ਨਾਲ ਹੱਸਣਾ
ਬਹੁਤ ਬੜੀ ਸਜ਼ਾ ਹੈ।
ਤੂੰ ਮੈਨੂੰ ਇਹ ਸਜ਼ਾ ਨਾ ਦੇਹ!
ਕੰਡਿਆਂ ਨੂੰ ਫੁੱਲ ਕਹਿਣਾ
ਨਿਰਾ ਝੂਠ ਹੈ
ਸੂਲਾਂ ਦੀਆਂ ਚੋਭਾਂ ਨੂੰ
ਤੂੰ ਫੁੱਲਾਂ ਦੀ ਆਬ ਦਾ ਨਾਮ ਨਾ ਦੇਹ!

ਮੈਂ ਕਦ ਚਾਹਿਆ?
ਕਿ ਤੂੰ ਅਹਿਸਾਨ ਮੰਨੇ
ਕਿ ਮੈਂ ਤੇਰੇ ਹੰਝੂ ਪੀਤੇ ਸੀ ਕਦੀ।
ਆਪਣੇ ਦਿਲ ਦਾ ਮਾਸ ਘੋਲ
ਤੇਰੇ ਜ਼ਖਮ ਜ਼ਿਗਰ ਦੇ ਸੀਤੇ ਸੀ ਕਦੀ।

ਚੜ੍ਹਦੇ ਸੂਰਜ ਨੂੰ ਸਲਾਮ ਕਹਿਣ ਵਾਲੀਏ!

ਮੇਰੇ ਦੋਖੀਆਂ ਦੀ ਖੁਸ਼ੀ ਵਿਹਾਜਣ ਵਾਲੀਏ!
ਕਿੰਜ ਆਖਾਂ ਅਜ ਤੈਨੂੰ
ਤੂੰ ਧਰਮ ਭੈਣ ਚ੍ਰਿੰਕਾਲ ਦੀ।
ਵਿਸ਼ਵਾਸ ਘਾਤ ਦੀ ਭੱਠੀ ਦੇ ਵਿਚ
ਜਲ ਕੇ ਇਹ ਦਿਲ ਕੋਇਲਾ ਹੋਇਆ
ਤੇ ਕੋਇਲੇ 'ਚੋਂ ਨਾ ਆਏ
ਮਹਿਕ ਹੁਣ ਪਿਆਰ ਦੀ।